ਡਿਸਏਬਿਲਟੀ ਅਲਾਇੰਸ ਬੀ ਸੀ

9

# ਹੈਲਪਸ਼ੀਟ

ਬੀ ਸੀ ਡਿਸਏਬਿਲਟੀ ਭੱਤੇ



2024

# ਡਿਸਏਬਿਲਟੀਜ਼ ਵਾਲੇ ਲੋਕਾਂ ਲਈ ਰੁਜ਼ਗਾਰ, ਪੜ੍ਹਾਈ ਅਤੇ ਟਰੇਨਿੰਗ

ਇਸ ਹੈਲਪ ਸ਼ੀਟ ਲਈ ਫੰਡ ਹੈਲਥ ਸਾਇੰਸਿਜ਼ ਐਸੋਸੀਏਸ਼ਨ ਔਫ ਬੀ ਸੀ ਅਤੇ ਲਾਅ ਫਾਉਂਡੇਸ਼ਨ ਔਫ ਬੀ ਸੀ ਤੋਂ ਮਿਲੇ ਹਨ।

ਮਨਿਸਟਰੀ ਔਫ ਸੋਸ਼ਲ ਡਿਵੈਲਪਮੈਂਟ ਐਂਡ ਪੌਵਰਟੀ ਰਿਡਕਸ਼ਨ (ਐੱਮ ਐੱਸ ਡੀ ਪੀ ਆਰ) ਰਾਹੀਂ ਰੁਜ਼ਗਾਰ, ਪੜ੍ਹਾਈ ਅਤੇ ਟਰੇਨਿੰਗ ਦੇ ਕਈ ਉੱਦਮ ਉਪਲਬਧ ਹਨ। ਡਿਸਏਬਿਲਟੀ ਅਲਾਇੰਸ ਬੀ ਸੀ (ਡੀ ਏ ਬੀ ਸੀ) ਨੇ ਇਹ ਹੈਲਪ ਸ਼ੀਟ ਇਹ ਸਮਝਣ ਵਿਚ ਤੁਹਾਡੀ ਮਦਦ ਕਰਨ ਲਈ ਤਿਆਰ ਕੀਤੀ ਹੈ ਕਿ ਤੁਸੀਂ ਕਿਸ ਲਈ ਅਪਲਾਈ ਕਰਨ ਦੇ ਯੋਗ ਹੋ ਸਕਦੇ ਹੋ।

## ਡਿਸਏਬਿਲਟੀਜ਼ ਵਾਲੇ ਲੋਕਾਂ ਲਈ ਰੁਜ਼ਗਾਰ ਦੀਆਂ ਪਲੈਨਾਂ

ਰੁਜ਼ਗਾਰ ਦੀ ਪਲੈਨ (ਇਮਪਲੌਏਮੈਂਟ ਪਲੈਨ) ਇਕ ਐਗਰੀਮੈਂਟ ਹੈ ਜੋ ਅਸਿਸਟੈਂਸ ਲੈਣ ਵਾਲੇ ਅਤੇ ਐੱਮ ਐੱਸ ਡੀ ਪੀ ਆਰ ਵਲੋਂ ਕੀਤਾ ਜਾਂਦਾ ਹੈ। ਇਹ ਉਨ੍ਹਾਂ ਸਰਗਰਮੀਆਂ ਦੀ ਲਿਸਟ ਬਣਾਉਂਦਾ ਹੈ ਜਿਨ੍ਹਾਂ ਲਈ ਤੁਸੀਂ ਸਹਿਮਤ ਹੁੰਦੇ ਹੋ ਜਿਹੜੀਆਂ ਰੁਜ਼ਗਾਰ ਲਈ ਹੁਨਰ ਹਾਸਲ ਕਰਨ ਜਾਂ ਕੰਮ ਲੱਭਣ ਵਿਚ ਤੁਹਾਡੀ ਮਦਦ ਕਰ ਸਕਦੀਆਂ ਹਨ। ਇਨ੍ਹਾਂ ਸਰਗਰਮੀਆਂ ਵਿਚ ਕਿਸੇ ਜੌਬ ਕਲੱਬ ਜਾਂ ਟਰੇਨਿੰਗ ਕੋਰਸ ਵਿਚ ਸ਼ਾਮਲ ਹੋਣਾ ਸ਼ਾਮਲ ਹੋ ਸਕਦਾ ਹੈ।

ਮਨਿਸਟਰੀ ਮੁਢਲੀ ਇਨਕਮ ਅਸਿਸਟੈਂਸ ਲੈਣ ਵਾਲੇ ਲੋਕਾਂ ਤੋਂ, ਭੱਤੇ (ਬੈਨੇਫਿਟਸ) ਲੈਣ ਦੀ ਇਕ ਸ਼ਰਤ ਵਜੋਂ ਰੁਜ਼ਗਾਰ ਦੀਆਂ ਪਲੈਨਾਂ ਵਿਚ ਹਿੱਸਾ ਲੈਣ ਦੀ ਮੰਗ ਕਰ ਸਕਦੀ ਹੈ। ਡਿਸਏਬਿਲਟੀਜ਼ ਵਾਲੇ ਲੋਕਾਂ ਲਈ ਨਿਯਮ ਵੱਖਰੇ ਹਨ। ਜੇ ਤੁਸੀਂ ਪਰਸਨਜ਼ ਵਿਦ ਡਿਸਏਬਿਲਟੀਜ਼ (ਪੀ ਡਬਲਯੂ ਡੀ) ਭੱਤਾ ਲੈਂਦੇ ਹੋ ਤਾਂ ਤੁਹਾਨੂੰ ਰੁਜ਼ਗਾਰ ਦੀ ਪਲੈਨ ਉੱਪਰ ਦਸਖਤ ਨਹੀਂ ਕਰਨੇ ਪੈਣਗੇ।

ਐੱਮ ਐੱਸ ਡੀ ਪੀ ਆਰ ਹੋਰ ਲੋਕਾਂ ਨੂੰ ਵੀ ਰੁਜ਼ਗਾਰ ਦੀਆਂ ਪਲੈਨਾਂ ’ਤੇ ਦਸਖਤ ਕਰਨ ਤੋਂ ਛੋਟ ਦੇ ਸਕਦੀ ਹੈ, ਉਦਾਹਰਣ ਲਈ, ਡਿਸਏਬਲਡ ਬੱਚਿਆਂ ਵਾਲੇ ਇਕੱਲੇ (ਸਿੰਗਲ) ਮਾਪੇ ਅਤੇ ਪਰਸਨਜ਼ ਵਿਦ ਪਰਸਿਸਟੈਂਟ ਐਂਡ ਮਲਟੀਪਲ ਬੈਰੀਅਰਜ਼ ਟੂ ਇਮਪਲੌਏਮੈਂਟ (ਪੀ ਪੀ ਐੱਮ ਬੀ) ਭੱਤਾ ਲੈ ਰਹੇ ਲੋਕ।

ਮਨਿਸਟਰੀ ਦੀ ਮੌਜੂਦਾ ਪੌਲਸੀ ਹੇਠ, ਪੀ ਡਬਲਯੂ ਡੀ ਲੈ ਰਹੇ ਲੋਕ ਆਪਣੀ ਮਰਜ਼ੀ ਨਾਲ ਰੁਜ਼ਗਾਰ ਦੀ ਪਲੈਨ ’ਤੇ ਦਸਖਤ ਕਰਨ ਦੀ ਚੋਣ ਕਰ ਸਕਦੇ ਹਨ। ਇਸ ਨੂੰ ਵਾਲੰਟੀਅਰੀ ਪਾਰਟੀਸੀਪੇਸ਼ਨ ਪਲੈਨ ਆਖਿਆ ਜਾਂਦਾ ਹੈ। ਰੁਜ਼ਗਾਰ ਦੀ ਪਲੈਨ ’ਤੇ ਦਸਖਤ ਕਰਨ ਲਈ ਵਾਲੰਟੀਅਰ ਬਣਨ ਤੋਂ ਪਹਿਲਾਂ, ਅਸੀਂ ਸਲਾਹ ਦਿੰਦੇ ਹਾਂ ਕਿ ਤੁਸੀਂ ਇਸ ਚੀਜ਼ ਬਾਰੇ ਮਨਿਸਟਰੀ ਦੇ ਵਰਕਰ ਨਾਲ ਗੱਲ ਕਰੋ ਕਿ ਜੇ ਤੁਸੀਂ ਪਲੈਨ ਵਿਚਲੀਆਂ ਸਰਗਰਮੀਆਂ ਪੂਰੀਆਂ ਕਰਨ ਦੇ ਅਯੋਗ ਹੋਵੋ ਤਾਂ ਕੀ ਹੋਵੇਗਾ।

dabc
disability alliance bc
**Disability Alliance BC**
Information in this Help Sheet is based on the legislation that was current at the time of writing. The legislation and policy may be subject to change. Please check the date on this Help Sheet.

# ਡਿਸਏਬਿਲਟੀਜ਼ ਵਾਲੇ ਲੋਕਾਂ ਲਈ ਰੁਜ਼ਗਾਰ ਦੇ ਉੱਦਮ

- **ਕਨਫਰਮਡ ਜੌਬ ਸਪਲੀਮੈਂਟ** 1,000 ਡਾਲਰ ਤੱਕ ਦਿੰਦਾ ਹੈ ਜੇ ਕਿਸੇ ਵਿਅਕਤੀ ਨੂੰ ਪੱਕਾ ਕੰਮ ਮਿਲ ਗਿਆ ਹੈ ਅਤੇ ਉਸ ਨੂੰ ਸੰਦ ਜਾਂ ਕੱਪੜੇ ਖਰੀਦਣ ਲਈ, ਟ੍ਰਾਂਸਪੋਰਟੇਸ਼ਨ ਲੈਣ ਲਈ ਜਾਂ ਰੁਜ਼ਗਾਰ ਨਾਲ ਸੰਬੰਧਿਤ ਹੋਰ ਚੀਜ਼ਾਂ ਲਈ ਪੈਸਿਆਂ ਦੀ ਲੋੜ ਹੈ। ਇਹ ਪੈਸੇ ਆਮ ਤੌਰ 'ਤੇ ਸਿਰਫ ਇਕ ਵਾਰੀ ਦਿੱਤੇ ਜਾਣਗੇ, ਅਤੇ ਸਿਰਫ ਤਾਂ ਹੀ ਦਿੱਤੇ ਜਾਣਗੇ ਜੇ ਮਨਿਸਟਰੀ ਇਹ ਯਕੀਨ ਕਰਦੀ ਹੈ ਕਿ ਇਸ ਦਾ ਮਤਲਬ ਇਹ ਹੋਵੇਗਾ ਕਿ ਉਸ ਵਿਅਕਤੀ ਨੂੰ ਹੁਣ ਇਨਕਮ ਅਸਿਸਟੈਂਸ ਦੀ ਲੋੜ ਨਹੀਂ ਹੈ।
- **ਰੁਜ਼ਗਾਰ ਦੀਆਂ ਪਲੈਨਾਂ ਨਾਲ ਸੰਬੰਧਿਤ ਸਪਲੀਮੈਂਟ** ਵੀ ਹਨ। ਜੇ ਤੁਸੀਂ ਜਾਂ ਤੁਹਾਡੇ 'ਤੇ ਨਿਰਭਰ ਕੋਲ ਰੁਜ਼ਗਾਰ ਦੀ ਪਲੈਨ ਹੈ ਅਤੇ ਤੁਸੀਂ ਰੁਜ਼ਗਾਰ ਨਾਲ ਸੰਬੰਧਿਤ ਕਿਸੇ ਪ੍ਰੋਗਰਾਮ ਵਿਚ ਹੋ ਤਾਂ ਮਨਿਸਟਰੀ ਦੇ ਸਕਦੀ ਹੈ: ਹਾਜ਼ਰ ਹੋਣ ਅਤੇ ਆਉਣ ਜਾਣ ਦੇ ਖਰਚਿਆਂ ਵਿਚ ਮਦਦ ਲਈ ਮਹੀਨੇ ਦੇ 100 ਡਾਲਰ ਤੱਕ; ਟਿਊਸ਼ਨ, ਕਿਤਾਬਾਂ ਅਤੇ ਸਪਲਾਈਆਂ ਦਾ ਖਰਚਾ; ਸੇਫਟੀ ਕੱਪੜਿਆਂ ਦੇ ਖਰਚੇ ਲਈ 200 ਡਾਲਰ ਤੱਕ; ਅਤੇ, ਵਾਲੰਟੀਅਰ ਉੱਦਮ ਦੇ ਕਿਸੇ ਪ੍ਰੋਗਰਾਮ ਵਿਚ ਹਿੱਸਾ ਲੈਣ ਲਈ 100 ਡਾਲਰ ਤੱਕ ਜਿਹੜਾ ਤੁਹਾਨੂੰ ਰੁਜ਼ਗਾਰ ਲਈ ਤਿਆਰ ਕਰਦਾ ਹੈ। ਇਹ ਭੱਤੇ 36 ਮਹੀਨਿਆਂ ਦੇ ਸਮੇਂ ਵਿਚ 12 ਮਹੀਨਿਆਂ ਤੱਕ ਸੀਮਤ ਹਨ।
- ਐੱਮ ਐੱਸ ਡੀ ਪੀ ਆਰ ਕੈਨੇਡਾ ਵਿਚ ਕਿਤੇ ਵੀ ਮੂਵ ਹੋਣ ਦੇ ਖਰਚੇ ਦੇਣ ਬਾਰੇ ਵਿਚਾਰ ਕਰੇਗੀ ਜੇ ਤੁਹਾਨੂੰ ਕੋਈ ਪੱਕੀ ਜੌਬ ਸ਼ੁਰੂ ਕਰਨ ਲਈ ਮੂਵ ਹੋਣ ਦੀ ਲੋੜ ਹੈ।

# ਕਮਾਈ ਵਿਚ ਛੋਟਾਂ

ਕਮਾਈ ਵਿਚ ਛੋਟ ਉਹ ਪੈਸੇ ਹਨ ਜਿਹੜੇ ਤੁਸੀਂ ਆਪਣੇ ਭੱਤਿਆਂ ਵਿੱਚੋਂ ਕਿਸੇ ਕਟੌਤੀ ਤੋਂ ਬਿਨਾਂ ਕੰਮ ਕਰਕੇ ਕਮਾ ਸਕਦੇ ਹੋ।

# ਕਮਾਈ ਵਿਚ ਸਲਾਨਾ ਛੋਟ (ਏ ਈ ਈ)

ਕਮਾਈ ਵਿਚ ਇਹ ਛੋਟਾਂ ਪੀ ਡਬਲਯੂ ਡੀ ਮੈਂਬਰਾਂ ਵਾਲੇ ਘਰਾਂ 'ਤੇ ਲਾਗੂ ਹੁੰਦੀਆਂ ਹਨ:

- ਸਿੰਗਲ ਵਿਅਕਤੀ ਹਰ ਕਲੰਡਰ ਸਾਲ ਵਿਚ ਭੱਤਿਆਂ ਵਿਚ ਕਟੌਤੀ ਕੀਤੇ ਜਾਣ ਤੋਂ ਬਿਨਾਂ 16,200 ਡਾਲਰ ਤੱਕ ਕਮਾ ਸਕਦੇ ਹਨ।
- ਉਹ ਜੋੜੇ ਜਿਨ੍ਹਾਂ ਵਿਚ ਇਕ ਵਿਅਕਤੀ ਪੀ ਡਬਲਯੂ ਡੀ ਲੈਂਦਾ ਹੈ, ਹਰ ਕਲੰਡਰ ਸਾਲ ਵਿਚ ਕਟੌਤੀ ਕੀਤੇ ਜਾਣ ਤੋਂ ਬਿਨਾਂ 19,200 ਡਾਲਰ ਤੱਕ ਕਮਾ ਸਕਦੇ ਹਨ।
- ਉਹ ਜੋੜੇ ਜਿੱਥੇ ਦੋਨੋਂ ਹੀ ਪੀ ਡਬਲਯੂ ਡੀ ਲੈਂਦੇ ਹਨ, ਹਰ ਕਲੰਡਰ ਸਾਲ ਵਿਚ ਕਟੌਤੀ ਕੀਤੇ ਜਾਣ ਤੋਂ ਬਿਨਾਂ 32,400 ਡਾਲਰ ਤੱਕ ਕਮਾ ਸਕਦੇ ਹਨ।

ਕਿਰਪਾ ਕਰਕੇ ਇਹ ਗੱਲ ਨੋਟ ਕਰੋ ਕਿ ਐੱਮ ਐੱਸ ਡੀ ਪੀ ਆਰ ਤੁਹਾਡੇ ਤੋਂ ਇਹ ਉਮੀਦ ਕਰਦੀ ਹੈ ਕਿ ਤੁਸੀਂ ਆਪਣੀ ਚੈੱਕ ਦੇ ਸਟੱਬ ਉਪਰਲੀ ਕਿਸੇ ਵੀ ਰਕਮ ਦੀ ਰਿਪੋਰਟ ਕਰੋ ਜਾਂ ਮਾਈ ਸੈਲਫ ਸਰਵ ਦੀ ਵਰਤੋਂ ਕਰਦੇ ਹੋਏ ਔਨਲਾਈਨ ਦੱਸੋ। ਇਹ ਜਾਣਕਾਰੀ ਐੱਮ ਐੱਸ ਡੀ ਪੀ ਆਰ ਕੋਲ ਅਗਲੇ ਮਹੀਨੇ ਦੇ 5ਵੇਂ ਦਿਨ ਤੱਕ ਦਰਜ ਕਰਵਾਉਣਾ ਜ਼ਰੂਰੀ ਹੈ।

## ਕਮਾਈ ਵਿਚ ਮਹੀਨਾਵਾਰ ਛੋਟਾਂ

ਜਿਹੜੇ ਲੋਕ ਪੀ ਡਬਲਯੂ ਡੀ ਨਹੀਂ ਲੈ ਰਹੇ, ਉਨ੍ਹਾਂ 'ਤੇ ਕਮਾਈ ਦੀਆਂ ਇਹ ਮਹੀਨਾਵਾਰ ਛੋਟਾਂ ਲਾਗੂ ਹੁੰਦੀਆਂ ਹਨ:

- ਪੀ ਪੀ ਐੱਮ ਬੀ ਲੈ ਰਹੇ ਲੋਕਾਂ ਨੂੰ ਪ੍ਰਤੀ ਮਹੀਨਾ 1000 ਡਾਲਰ ਦੀ ਕਮਾਈ ਵਿਚ ਛੋਟ ਹੈ। ਜੇ ਦੋ ਲੋਕ ਜੋੜੇ ਵਜੋਂ ਇਕੱਠੇ ਰਹਿੰਦੇ ਹਨ ਅਤੇ ਇਕ ਜਾਂ ਦੋਨੋਂ ਵਿਅਕਤੀ ਪੀ ਪੀ ਐੱਮ ਬੀ ਲੈ ਰਹੇ ਹਨ ਤਾਂ ਦੋਨਾਂ ਲਈ ਕਮਾਈ ਵਿਚ ਛੋਟ ਮਹੀਨੇ ਦੀ 1000 ਡਾਲਰ ਹੈ (ਨਾ ਕਿ 1000 ਡਾਲਰ ਪ੍ਰਤੀ ਵਿਅਕਤੀ)।

- ਮੁਢਲੀ ਇਨਕਮ ਅਸਿਸਟੈਂਸ ਲੈ ਰਹੇ ਲੋਕਾਂ ਲਈ, ਜਿਹੜੇ ਪੀ ਡਬਲਯੂ ਡੀ ਜਾਂ ਪੀ ਪੀ ਐੱਮ ਬੀ 'ਤੇ ਨਹੀਂ ਹਨ, ਉਨ੍ਹਾਂ ਲਈ ਕਮਾਈ ਵਿਚ ਛੋਟ 600 ਡਾਲਰ ਪ੍ਰਤੀ ਮਹੀਨਾ ਹੈ। ਮੁਢਲੀ ਇਨਕਮ ਅਸਿਸਟੈਂਸ ਉਪਰਲੇ ਲੋਕ ਜਿਨ੍ਹਾਂ ਦੇ ਬੱਚਾ ਹੈ, ਕਮਾਈ ਵਿਚ 850 ਡਾਲਰ ਦੀ ਛੋਟ ਲਈ ਯੋਗ ਹਨ ਅਤੇ ਡਿਸਏਬਿਲਟੀ ਵਾਲੇ ਬੱਚੇ ਵਾਲੇ ਲੋਕਾਂ ਨੂੰ, ਜਿਨ੍ਹਾਂ ਨੂੰ ਬੱਚੇ ਦੀ ਸੰਭਾਲ ਕਰਨ ਲਈ ਪੂਰਾ-ਸਮਾਂ ਘਰ ਰਹਿਣ ਦੀ ਲੋੜ ਹੁੰਦੀ ਹੈ, ਕਮਾਈ ਵਿਚ ਪ੍ਰਤੀ ਮਹੀਨਾ 1000 ਡਾਲਰ ਦੀ ਛੋਟ ਹੈ।

ਤੁਹਾਡੇ ਲਈ ਮਹੀਨੇ ਦੀ ਆਪਣੀ ਸਾਰੀ ਆਮਦਨ ਬਾਰੇ ਐੱਮ ਐੱਸ ਡੀ ਪੀ ਆਰ ਨੂੰ ਆਪਣੀ ਮਹੀਨਾਵਾਰ ਰਿਪੋਰਟ ਵਿਚ ਜਾਂ ਚੈੱਕ ਸਟੱਬ 'ਤੇ ਅਗਲੇ ਮਹੀਨੇ ਦੇ 5ਵੇਂ ਦਿਨ ਤੱਕ ਦੱਸਣਾ ਜ਼ਰੂਰੀ ਹੈ। ਮਨਿਸਟਰੀ ਤੁਹਾਡੇ ਤੋਂ ਆਮਦਨ ਦਾ ਸਬੂਤ ਦਰਜ ਕਰਵਾਉਣ ਦੀ ਉਮੀਦ ਵੀ ਰੱਖੇਗੀ, ਜਿਵੇਂ ਤਨਖਾਹ ਦਾ ਰਿਕਾਰਡ ਜਾਂ ਤਨਖਾਹ ਦੀ ਚੈੱਕ ਦੀ ਕਾਪੀ। ਮਨਿਸਟਰੀ ਮਾਈ ਸੈਲਫ ਸਰਵ (ਮਾਈ ਐੱਸ ਐੱਸ) ਅਕਾਊਂਟ ਦੀ ਵਰਤੋਂ ਨਾਲ ਆਮਦਨ ਦੀ ਰਿਪੋਰਟ ਕਰਨ ਅਤੇ ਕਮਾਈ ਵਿਚ ਛੋਟ ਬਾਰੇ ਅਪਡੇਟਸ ਲੈਣ ਦੀ ਚੋਣ ਪ੍ਰਦਾਨ ਕਰਦੀ ਹੈ। ਜ਼ਿਆਦਾ ਜਾਣਕਾਰੀ ਲਈ www.myselfserve.gov.bc.ca 'ਤੇ ਜਾਉ।

## ਸੈਲਫ-ਇਮਪਲੌਏਮੈਂਟ ਪ੍ਰੋਗਰਾਮ

ਸੈਲਫ-ਇਮਪਲੌਏਮੈਂਟ ਪ੍ਰੋਗਰਾਮ (ਐੱਸ ਈ ਪੀ) ਪੀ ਡਬਲਯੂ ਡੀ ਜਾਂ ਪੀ ਪੀ ਐੱਮ ਬੀ ਲੈ ਰਹੇ ਉਨ੍ਹਾਂ ਲੋਕਾਂ ਨੂੰ ਅਸੈੱਸਮੈਂਟ, ਟਰੇਨਿੰਗ, ਸਲਾਹ ਅਤੇ ਮਦਦ ਪ੍ਰਦਾਨ ਕਰਦਾ ਹੈ ਜਿਹੜੇ ਸਵੈ-ਰੁਜ਼ਗਾਰ ਵਿਚ ਅੱਗੇ ਵਧਣ ਵਿਚ ਦਿਲਚਸਪੀ ਰੱਖਦੇ ਹਨ। ਜਿਹੜੇ ਲੋਕ ਪਹਿਲਾਂ ਹੀ ਛੋਟੇ ਬਿਜ਼ਨਸ ਦੀਆਂ ਸਰਗਰਮੀਆਂ ਵਿਚ ਸ਼ਾਮਲ ਹਨ, ਜੇ ਉਹ ਬਿਜ਼ਨਸ ਨਾਲ ਸੰਬੰਧਿਤ ਖਰਚਿਆਂ ਦੀ ਛੋਟ ਚਾਹੁੰਦੇ ਹਨ ਤਾਂ ਉਨ੍ਹਾਂ ਲਈ ਵੀ ਪ੍ਰੋਗਰਾਮ ਲਈ ਅਪਲਾਈ ਕਰਨਾ ਜ਼ਰੂਰੀ ਹੈ।

ਜੇ ਤੁਸੀਂ ਸੈਲਫ-ਇਮਪਲੌਏਮੈਂਟ ਪ੍ਰੋਗਰਾਮ ਵਿਚ ਹਿੱਸਾ ਲੈਣ ਵਾਲੇ ਹੋ ਤਾਂ ਬਿਜ਼ਨਸ ਦੀ ਖਾਸ ਆਮਦਨ ਅਤੇ ਸੰਪਤੀ ਨੂੰ ਛੋਟ ਹੋਵੇਗੀ, ਜੇ ਉਹ ਤੁਹਾਡੀ ਬਿਜ਼ਨਸ ਪਲੈਨ ਦਾ ਹਿੱਸਾ ਹਨ। ਉਦਾਹਰਣ ਲਈ, ਬਿਜ਼ਨਸ ਲਈ ਸਾਜ਼-ਸਾਮਾਨ ਅਤੇ ਚਲਾਉਣ ਦੇ ਇਜਾਜ਼ਤ ਵਾਲੇ ਖਰਚਿਆਂ ਨੂੰ ਸੰਪਤੀ ਅਤੇ ਆਮਦਨ ਵਜੋਂ ਛੋਟ ਮਿਲ ਸਕਦੀ ਹੈ, ਅਤੇ ਇਹ ਭੱਤਿਆਂ ਲਈ ਤੁਹਾਡੀ ਹੱਕਦਾਰੀ 'ਤੇ ਅਸਰ ਨਹੀਂ ਪਾਉਣਗੇ।

ਇਸ ਦੇ ਨਾਲ ਹੀ, ਤੁਹਾਨੂੰ ਇਕ ਐਸਿਟ ਡਿਵੈਲਪਮੈਂਟ ਅਕਾਊਂਟ ਦੀ ਵੀ ਆਗਿਆ ਹੋਵੇਗੀ, ਜਿਸ ਦੀ ਵਰਤੋਂ ਆਪਣੇ ਬਿਜ਼ਨਸ ਦੇ ਭਵਿੱਖ ਦੇ ਖਰਚੇ ਪੂਰੇ ਕਰਨ ਲਈ ਕੀਤੀ ਜਾ ਸਕਦੀ ਹੈ। ਇਹ ਤੁਹਾਡੀ ਮਨਜ਼ੂਰਸ਼ੁਦਾ ਬਿਜ਼ਨਸ ਪਲੈਨ ਦਾ ਹਿੱਸਾ ਹੋਣਾ ਜ਼ਰੂਰੀ ਹੈ। ਜੇ ਤੁਸੀਂ ਅਪਲਾਈ ਕਰਨਾ ਚਾਹੁੰਦੇ ਹੋਵੋ ਤਾਂ ਐੱਮ ਐੱਸ ਡੀ ਪੀ ਆਰ ਨਾਲ ਸੰਪਰਕ ਕਰੋ।

## ਸਾਜ਼-ਸਾਮਾਨ ਅਤੇ ਮਦਦ ਕਰਨ ਵਾਲੇ ਸੰਦ

ਅਕਸਰ, ਡਿਸਏਬਿਲਟੀਜ਼ ਵਾਲੇ ਲੋਕਾਂ ਨੂੰ ਆਪਣੇ ਰੁਜ਼ਗਾਰ ਦੇ ਟੀਚੇ ਪ੍ਰਾਪਤ ਕਰਨ ਲਈ ਸਾਜ਼-ਸਾਮਾਨ ਅਤੇ ਸੰਦਾਂ ਦੀ ਲੋੜ ਹੁੰਦੀ ਹੈ। ਕੰਮ ਨਾਲ ਸੰਬੰਧਿਤ ਸਰਗਰਮੀਆਂ ਵਿਚ ਆਪਣੀ ਮਦਦ ਲਈ ਸਾਜ਼-ਸਾਮਾਨ ਅਤੇ ਮਦਦ ਕਰਨ ਵਾਲੇ ਸੰਦਾਂ ਬਾਰੇ ਜਾਣਕਾਰੀ ਲਈ ਇਸ ਲਿੰਕ 'ਤੇ ਜਾਉ: http://www2.gov.bc.ca/gov/content/family-social-supports/services-for-people-with-disabilities/supports-services.

## ਪੜ੍ਹਾਈ ਅਤੇ ਡਿਸਏਬਿਲਟੀਜ਼ ਵਾਲੇ ਲੋਕ

ਪੀ ਡਬਲਯੂ ਡੀ ਉਪਰਲੇ ਲੋਕ ਕਾਲਜ ਜਾਂ ਯੂਨੀਵਰਸਿਟੀ ਜਾ ਸਕਦੇ ਹਨ ਅਤੇ ਅਜੇ ਵੀ ਡਿਸਏਬਿਲਟੀ ਭੱਤੇ ਲੈ ਸਕਦੇ ਹਨ। ਇਸ ਦਾ ਮਤਲਬ ਇਹ ਨਹੀਂ ਹੈ ਕਿ ਮਨਿਸਟਰੀ ਤੁਹਾਡੀ ਪੜ੍ਹਾਈ ਲਈ ਪੈਸੇ ਦੇਵੇਗੀ। ਆਪਣੀ ਪੜ੍ਹਾਈ ਦਾ ਖਰਚਾ ਦੇਣ ਲਈ ਤੁਹਾਡੇ ਤੋਂ ਸਟੂਡੈਂਟ ਲੋਨਜ਼ ਅਤੇ ਹੋਰ ਵਿੱਤੀ ਮਦਦ ਲਈ ਅਪਲਾਈ ਕਰਨ ਦੀ ਉਮੀਦ ਕੀਤੀ ਜਾਵੇਗੀ।

ਸਟੂਡੈਂਟ ਲੋਨਜ਼ ਨੂੰ ਛੋਟ ਹੈ ਜੇ ਇਸ ਵਿਚ ਰਹਿਣ ਦਾ ਅਲਾਊਂਸ ਸ਼ਾਮਲ ਨਹੀਂ ਹੈ। ਇਸ ਦਾ ਮਤਲਬ ਇਹ ਹੈ ਕਿ ਤੁਹਾਡਾ ਲੋਨ ਤੁਹਾਡੇ ਡਿਸਏਬਿਲਟੀ ਭੱਤਿਆਂ ਉੱਪਰ ਅਸਰ ਨਹੀਂ ਪਾਵੇਗਾ ਜੇ ਇਸ ਦੀ ਵਰਤੋਂ ਸਿਰਫ ਪੜ੍ਹਾਈ ਦੇ ਖਰਚਿਆਂ ਲਈ ਕੀਤੀ ਗਈ ਹੈ। ਪੜ੍ਹਾਈ ਦੇ ਖਰਚਿਆਂ ਦੀ ਪਰਿਭਾਸ਼ਾ ਫੀਸਾਂ (ਟਿਊਸ਼ਨ), ਕਿਤਾਬਾਂ, ਸਾਜ਼-ਸਾਮਾਨ, ਸਪਲਾਈਆਂ ਅਤੇ ਸਕੂਲ ਨੂੰ ਜਾਣ ਲਈ ਟ੍ਰਾਂਸਪੋਰਟੇਸ਼ਨ ਵਜੋਂ ਕੀਤੀ ਜਾਂਦੀ ਹੈ। ਡੇਅ ਕੇਅਰ ਦੇ ਖਰਚਿਆਂ ਨੂੰ ਵੀ ਛੋਟ ਮਿਲ ਸਕਦੀ ਹੈ। ਜੇ ਤੁਹਾਡੇ ਸਟੂਡੈਂਟ ਲੋਨ ਦਾ ਕੋਈ ਵੀ ਹਿੱਸਾ ਤੁਹਾਡੀ ਪੜ੍ਹਾਈ ਦੇ ਖਰਚਿਆਂ ਨਾਲੋਂ ਜ਼ਿਆਦਾ ਹੈ ਤਾਂ ਫਿਰ ਇਹ ਰਕਮ ਤੁਹਾਡੇ ਡਿਸਏਬਿਲਟੀ ਭੱਤਿਆਂ ਵਿੱਚੋਂ ਕੱਟੀ ਜਾ ਸਕਦੀ ਹੈ। ਜੇ ਤੁਸੀਂ ਸਕੂਲ ਨੂੰ ਜਾਣ ਦੀ ਪਲੈਨ ਬਣਾ ਰਹੇ ਹੋ ਤਾਂ ਤੁਹਾਡੇ ਤੋਂ ਇਸ ਬਾਰੇ ਮਨਿਸਟਰੀ ਨੂੰ ਦੱਸਣ ਦੀ ਉਮੀਦ ਰੱਖੀ ਜਾਂਦੀ ਹੈ। ਤੁਹਾਡੀ ਪੜ੍ਹਾਈ ਦੇ ਖਰਚਿਆਂ ਦਾ ਰਿਵੀਊ ਅਤੇ ਪੜਚੋਲ ਕਰਨ ਲਈ ਉਹ ਤੁਹਾਡੇ ਤੋਂ ਸਟੂਡੈਂਟ ਲੋਨ ਦੇ ਪੇਪਰ ਮੰਗਣਗੇ।

ਐਜੂਕੇਸ਼ਨ ਅਤੇ ਟਰੇਨਿੰਗ ਦੇ ਅਲਾਊਂਸਾਂ, ਸਕਾਲਰਸ਼ਿਪਸ, ਗਰਾਂਟਾਂ ਅਤੇ ਬਰਸਰੀਜ਼ ਨੂੰ ਵੀ ਛੋਟ ਹੈ। ਇਸ ਦਾ ਮਤਲਬ ਹੈ ਕਿ ਤੁਸੀਂ ਇਸ ਤਰ੍ਹਾਂ ਦੇ ਪੈਸੇ ਆਪਣੀ ਪੜ੍ਹਾਈ ਦੇ ਖਰਚਿਆਂ ਲਈ ਜਾਂ ਰਹਿਣ ਦੇ ਖਰਚਿਆਂ ਲਈ ਵਰਤ ਸਕਦੇ ਹੋ ਅਤੇ ਤੁਸੀਂ ਅਜੇ ਵੀ ਆਪਣੇ ਡਿਸਏਬਿਲਟੀ ਭੱਤੇ ਲੈ ਸਕਦੇ ਹੋ। ਰਜਿਸਟਰਡ ਐਜੂਕੇਸ਼ਨ ਸੇਵਿੰਗਜ਼ ਪਲੈਨ (ਆਰ ਈ ਐੱਸ ਪੀ) ਵਿੱਚੋਂ ਕਢਾਏ ਜਾਣ ਵਾਲੇ ਪੈਸਿਆਂ ਨੂੰ ਵੀ ਪੂਰੀ ਛੋਟ ਹੈ।

## ਜੌਬ ਟਰੇਨਿੰਗ ਅਤੇ ਡਿਸਏਬਿਲਟੀਜ਼ ਵਾਲੇ ਲੋਕ

### ਵਰਕ ਬੀ ਸੀ

ਸੂਬੇ ਦੇ ਫੰਡਾਂ ਨਾਲ ਦਿੱਤੇ ਜਾਣ ਵਾਲੇ ਰੁਜ਼ਗਾਰ ਦੇ ਪ੍ਰੋਗਰਾਮ ਵਰਕ ਬੀ ਸੀ ਵਲੋਂ ਦਿੱਤੇ ਜਾਂਦੇ ਹਨ। ਵਰਕ ਬੀ ਸੀ ਦੇ ਦਫਤਰ ਸੂਬੇ ਭਰ ਵਿਚ ਹਨ। ਜੇ ਤੁਸੀਂ ਰੁਜ਼ਗਾਰ ਦੀ ਟਰੇਨਿੰਗ ਵਿਚ ਦਿਲਚਸਪੀ ਰੱਖਦੇ ਹੋ ਤਾਂ ਆਪਣੇ ਏਰੀਏ ਵਿਚ ਵਰਕ ਬੀ ਸੀ ਦਾ ਦਫਤਰ www.workbc.ca 'ਤੇ ਲੱਭੋ।

### ਓਪਰਚੂਨਿਟੀਜ਼ ਫੰਡ ਫਾਰ ਪਰਸਨਜ਼ ਵਿਦ ਡਿਸਏਬਿਲਟੀਜ਼

ਓਪਰਚੂਨਿਟੀਜ਼ ਫੰਡ ਫਾਰ ਪਰਸਨਜ਼ ਵਿਦ ਡਿਸਏਬਿਲਟੀਜ਼ ਸਰਵਿਸ ਕੈਨੇਡਾ ਦੀ ਤਰਫੋਂ ਨਿਸ਼ਚਤ ਕੀਤੀਆਂ ਗਈਆਂ ਏਜੰਸੀਆਂ ਵਲੋਂ ਚਲਾਇਆ ਜਾਂਦਾ ਹੈ। ਇਹ ਪ੍ਰੋਗਰਾਮ ਅਜਿਹੇ ਪ੍ਰੋਜੈਕਟਾਂ ਲਈ ਫੰਡ ਦਿੰਦਾ ਹੈ ਜਿਹੜੇ ਡਿਸਏਬਿਲਟੀਜ਼ ਵਾਲੇ ਲੋਕਾਂ ਦੀ ਰੁਜ਼ਗਾਰ ਲਈ ਤਿਆਰੀ ਕਰਨ, ਰੁਜ਼ਗਾਰ ਹਾਸਲ ਕਰਨ ਅਤੇ ਕਾਇਮ ਰੱਖਣ ਵਿਚ ਜਾਂ ਸੈਲਫ-ਇਮਪਲੌਏਅਡ ਬਣਨ ਵਿਚ ਮਦਦ ਕਰਦੇ ਹਨ। ਯੋਗ ਹੋਣ ਲਈ, ਇਹ ਸ਼ਰਤ ਨਹੀਂ ਹੈ ਕਿ ਤੁਸੀਂ ਪੀ ਡਬਲਯੂ ਡੀ ਲੈ ਰਹੇ ਹੋ।

ਜਿਹੜੇ ਬੇਰੁਜ਼ਗਾਰ ਵਿਅਕਤੀ **ਡਿਸਏਬਿਲਟੀ ਹੋਣ ਵਾਲੇ ਵਜੋਂ ਸਵੈ-ਪਛਾਣ** ਕਰਦੇ ਹਨ, ਉਹ ਵੀ ਪ੍ਰੋਜੈਕਟ ਵਿਚ ਹਿੱਸਾ ਲੈਣ ਦੇ ਯੋਗ ਹੋ ਸਕਦੇ ਹਨ।

ਜ਼ਿਆਦਾ ਜਾਣਕਾਰੀ ਲਈ ਕਿਰਪਾ ਕਰਕੇ www.oppsfund.ca 'ਤੇ ਵੈੱਬਸਾਈਟ ਉੱਪਰ ਜਾਉ ਜਾਂ 604-451-5511 'ਤੇ ਫੋਨ ਕਰੋ।

# ਇਕੱਲੇ ਮਾਪੇ ਦਾ ਰੁਜ਼ਗਾਰ ਲਈ ਉੱਦਮ

ਇਹ ਉੱਦਮ ਇਨ੍ਹਾਂ ਦੀ ਆਗਿਆ ਦਿੰਦਾ ਹੈ:

- ਇਨਕਮ ਅਤੇ ਡਿਸਏਬਿਲਟੀ ਅਸਿਸਟੈਂਸ ਉੱਪਰ ਇਕੱਲੇ (ਸਿੰਗਲ) ਮਾਪੇ ਹੁਣ ਨਵੀਂ ਜੌਬ ਲਈ ਟਰੇਨਿੰਗ ਲੈਣ ਦੌਰਾਨ, 12 ਮਹੀਨਿਆਂ ਤੱਕ ਇਨਕਮ ਅਸਿਸਟੈਂਸ ਲੈਣ ਦੇ ਯੋਗ ਹਨ
- ਇਨਕਮ ਅਤੇ ਡਿਸਏਬਿਲਟੀ ਅਸਿਸਟੈਂਸ ਉੱਪਰ ਇਕੱਲੇ ਮਾਪਿਆਂ ਦੀ ਵਰਕ ਬੀ ਸੀ ਸੈਂਟਰਾਂ ਰਾਹੀਂ ਕਈ ਤਰ੍ਹਾਂ ਦੀਆਂ ਮਦਦਾਂ ਤੱਕ ਪਹੁੰਚ ਹੈ, ਜਿਸ ਵਿਚ ਇਹ ਸ਼ਾਮਲ ਹਨ:
  - ਮਨਜ਼ੂਰਸ਼ੁਦਾ ਟਰੇਨਿੰਗ ਪ੍ਰੋਗਰਾਮਾਂ ਲਈ ਟਿਊਸ਼ਨ ਅਤੇ ਪੜ੍ਹਾਈ ਦੇ ਖਰਚੇ
  - ਸਕੂਲ ਨੂੰ ਜਾਣ ਅਤੇ ਸਕੂਲ ਤੋਂ ਆਉਣ ਲਈ ਟ੍ਰਾਂਸਪੋਰਟੇਸ਼ਨ ਦੇ ਖਰਚੇ
  - ਟਰੇਨਿੰਗ ਦੌਰਾਨ ਚਾਇਲਡ ਕੇਅਰ ਦੇ ਪੂਰੇ ਖਰਚੇ।

**ਇਹ ਹੈਲਪ ਸ਼ੀਟ ਡਿਸਏਬਿਲਟੀ ਅਲਾਇੰਸ ਬੀ ਸੀ ਦੇ ਇਕ ਪ੍ਰੋਗਰਾਮ ਐਡਵੋਕੇਸੀ ਐਕਸੈੱਸ ਵਲੋਂ ਤਿਆਰ ਕੀਤੀ ਗਈ ਸੀ। ਬੀ ਸੀ ਡਿਸਏਬਿਲਟੀ ਹੈਲਪ ਸ਼ੀਟਾਂ ਲਈ ਫੰਡ ਦੇਣ ਵਾਸਤੇ ਹੈਲਥ ਸਾਇੰਸਿਜ਼ ਐਸੋਸੀਏਸ਼ਨ ਔਫ ਬ੍ਰਿਟਿਸ਼ ਕੋਲੰਬੀਆ ਅਤੇ ਲਾਅ ਫਾਊਂਡੇਸ਼ਨ ਔਫ ਬ੍ਰਿਟਿਸ਼ ਕੋਲੰਬੀਆ ਦਾ ਧੰਨਵਾਦ।**

1450-605 Robson St., Vancouver, BC V6B 5J3 • ਟੈਲੀਫੋਨ: 604-872-1278 • ਫੈਕਸ 604-875-9227
ਟੋਲ ਫਰੀ 1-800-663-1278 • www.disabilityalliancebc.org

ਹੈਲਪ ਸ਼ੀਟਾਂ ਦੀ ਪੂਰੀ ਲੜੀ ਅਤੇ ਡੀ ਏ ਬੀ ਸੀ ਦੀਆਂ ਸਾਰੀਆਂ ਲਿਖਤਾਂ ਇੱਥੇ ਮੁਫਤ ਉਪਲਬਧ ਹਨ:
https://disabilityalliancebc.org/publications.